**ਮਿਤੀ 3.9.2013 ਨੂੰ ਮਾਨਯੋਗ ਸ਼੍ਰੀ ਸੁਰਜੀਤ ਕੁਮਾਰ ਜਿਆਣੀ, ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 10ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 10ਵੀਂ ਮੀਟਿੰਗ ਬੋਰਡ ਦੇ ਚੇਅਰਮੈਨ ਸ਼੍ਰੀ ਸੁਰਜੀਤ ਕੁਮਾਰ ਜਿਆਣੀ ਜੀ ਦੀ ਪ੍ਰਧਾਨਗੀ ਹੇਠ ਮਿਤੀ 3.9.2013 ਨੂੰ ਸਮਾਂ 1:00 ਵਜੇ (ਬ.ਦ) ਸਰਕਟ ਹਾਉਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਮੈਂਬਰਾਂ/ਪ੍ਰਤੀਨਿਧਾਂ ਨੇ ਭਾਗ ਲਿਆ:-

| | | |
|---|---|---|
| 1. | ਸ਼੍ਰੀ ਵਿਸ਼ਵਜੀਤ ਖੰਨਾ<br>ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ<br>ਕਿਰਤ ਵਿਭਾਗ | : ਮੈਂਬਰ |
| 2. | ਸ਼੍ਰੀ ਹਰਭੁਪਿੰਦਰ ਸਿੰਘ ਨੰਦਾ<br>ਆਈ.ਏ.ਐਸ<br>ਕਿਰਤ ਕਮਿਸ਼ਨਰ, ਪੰਜਾਬ | : ਮੈਂਬਰ ਸਕੱਤਰ |
| 3. | ਸ਼੍ਰੀ ਟੀ.ਕੇ ਗੋਇਲ<br>ਐਡੀਸ਼ਨਲ ਸਕੱਤਰ | : ਨੁਮਾਇੰਦਾ,<br>ਪ੍ਰਮੁੱਖ ਸਕੱਤਰ<br>ਪੰਜਾਬ ਸਰਕਾਰ, ਸਮਾਜਿਕ ਸੁਰਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ |
| 4. | ਸ਼੍ਰੀ ਅਜੈ ਕੁਮਾਰ ਕਨਵਰ<br>ਚੀਫ ਇੰਜੀਨੀਅਰ | : ਨੁਮਾਇੰਦਾ,<br>ਪ੍ਰਮੁੱਖ ਸਕੱਤਰ<br>ਪੰਜਾਬ ਸਰਕਾਰ,<br>ਸਥਾਨਕ ਸਰਕਾਰ ਵਿਭਾਗ |
| 5. | ਸ਼੍ਰੀ ਪ੍ਰਕਾਸ਼ ਸਿੰਘ<br>ਐਸ.ਈ (ਪੀ. ਆਰ.ਸੀ) | : ਨੁਮਾਇੰਦਾ,<br>ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਚੰਡੀਗੜ੍ਹ |
| 6. | ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਕੁਲਦੀਪ ਸਿੰਘ<br>ਮੈਸ: ਬਖਸੀਸ਼ ਬਿਲਡਰਜ ਲਿ: ਕੋਠੀ ਨੰ:130<br>ਫੇਜ 3 ਬੀ-1 ਮੁਹਾਲੀ | : ਮੈਂਬਰ |
| 7. | ਸ਼੍ਰੀ ਰਮੇਸ਼ ਕੁਮਾਰ ਸ਼ਰਮਾ<br>ਮਾਰਫਤ ਹਿਮਾਲਯਾ ਬੇਕਰੀ,<br>ਢਾਂਗੂ ਰੋਡ, ਪਠਾਨਕੋਟ | : ਮੈਂਬਰ |
| 8. | ਸ਼੍ਰੀ ਕਰਤਾਰ ਸਿੰਘ ਰਾਠੋਰ<br>ਭਾਰਤੀਯ ਮਜ਼ਦੂਰ ਸੰਘ<br>ਮਾਰਫਤ ਸਿਵਲ ਲਾਈਨਜ਼,<br>ਜੀ.ਟੀ. ਰੋਡ ਜਲੰਧਰ | : ਮੈਂਬਰ |
| 9. | ਸ਼੍ਰੀਮਤੀ ਇਨੂੰ ਸਿੰਗਲਾ ਪਤਨੀ ਸ਼੍ਰੀ ਸੁਮੇਸ਼ ਸਿੰਗਲਾ,<br>ਕੋਠੀ ਨੰ:8 ਗਲੀ ਨੰ:3,<br>ਮਾਨ ਕਾਲੋਨੀ, ਸੰਗਰੂਰ | : ਮੈਂਬਰ |

ਮੀਟਿੰਗ ਦੇ ਆਰੰਭ ਵਿਚ ਸਕੱਤਰ ਬੋਰਡ ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ "ਜੀ ਆਇਆ" ਆਖਿਆ ਅਤੇ ਚੇਅਰਮੈਨ ਜੀ ਵਲੋਂ ਬੋਰਡ ਦੀ ਇਹ ਮੀਟਿੰਗ ਬੁਲਾਉਂਣ ਲਈ ਧੰਨਵਾਦ ਕੀਤਾ ਗਿਆ। ਮੈਂਬਰ ਸਕੱਤਰ ਵਲੋਂ ਬੋਰਡ ਦੇ ਬਾਕੀ ਮੈਂਬਰ ਸਾਹਿਬਾਨ ਦਾ ਵੀ ਮੀਟਿੰਗ ਵਿਚ ਭਾਗ ਲੈਂਣ ਲਈ ਧੰਨਵਾਦ ਕੀਤਾ। ਸਕੱਤਰ ਬੋਰਡ ਵਲੋਂ ਅਪਣੀ ਜਾਣ ਪਹਿਚਾਣ ਕਰਵਾਉਂਦੇ ਹੋਏ ਦਸਿਆ ਕਿ ਉਨ੍ਹਾਂ ਨੇ ਪਿਛਲੇ ਮਹੀਨੇ ਹੀ ਕਿਰਤ ਵਿਭਾਗ ਦਾ ਚਾਰਜ ਸੰਭਾਲਿਆ ਹੈ। ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਅਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਅਜੰਡਿਆਂ ਬਾਰੇ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1 ਬੋਰਡ ਦੀ 9ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ।**

ਸਕੱਤਰ ਵਲੋਂ ਦਸਿਆ ਗਿਆ ਕਿ ਪਿਛਲੀ ਮੀਟਿੰਗ ਦੀ ਕਾਰਵਾਈ ਰਿਪੋਟ ਸਰਕੁਲੇਟ ਕੀਤੀ ਗਈ ਸੀ, ਪਰੰਤੂ ਕਿਸੇ ਵੀ ਮੈਂਬਰ ਵਲੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਮੈਂਬਰ ਸਹਿਬਾਨ ਵਲੋਂ 9ਵੀਂ ਮੀਟਿੰਗ ਦੀ ਕਾਰਵਾਈ ਰਪੋਟ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2 ਬੋਰਡ ਦੀ 9ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਬਾਰੇ।**

ਸਕੱਤਰ ਵਲੋਂ ਬੋਰਡ ਦੀ 9ਵੀਂ ਮੀਟਿੰਗ ਵਿਚ ਆਈਟਮ ਵਾਈਜ਼ ਲਏ ਗਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ ਮੈਂਬਰਾਂ ਨੂੰ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਗਈ। ਮੈਂਬਰ ਸਹਿਬਾਨ ਵਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਆਈਟਮ ਅਧੀਨ ਲਏ ਫੈਸਲਿਆਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਅਨੁਸਾਰ ਮੁੜ ਫੈਸਲੇ ਲਏ ਗਏ:

**8ਵੀਂ ਮੀਟਿੰਗ ਆਈਟਮ ਨੰ:2 ਪੈਰਾ ਨੰ:3** — **ਬੋਰਡ ਦੀਆਂ ਕਿਰਤ ਭਲਾਈ ਸਕੀਮਾਂ ਦੇ ਦੂਰਦਰਸ਼ਨ ਜਲੰਧਰ ਰਾਹੀਂ ਦਿਤੇ ਜਾ ਰਹੇ ਵਿਗਿਆਪਨ ਬਾਰੇ।**

ਮੈਂਬਰ ਸਹਿਬਾਨ ਵਲੋਂ ਬੋਰਡ ਦੁਆਰਾ ਚਲਾਈਆਂ ਜਾ ਰਹੀਆਂ ਕਿਰਤ ਭਲਾਈ ਸਕੀਮਾਂ ਦੇ ਪ੍ਰਚਾਰ ਵਿਚ ਕਾਫੀ ਘਾਟ ਮਹਿਸੂਸ ਕੀਤੀ ਗਈ। ਨਾਲ ਹੀ ਇਹ ਪ੍ਰੇਖਣ ਕੀਤਾ ਗਿਆ ਕਿ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਸਬੰਧੀ ਪ੍ਰਗਤੀ ਵੀ ਕਾਫੀ ਘੱਟ ਹੋਈ ਹੈ। ਇਸ ਸਬੰਧੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਸ਼ਹਿਰਾਂ/ ਕਸਬਿਆਂ ਅਤੇ ਲੇਬਰ ਚੌਕਾਂ ਤੇ ਜਿਥੇ ਕਿਰਤੀ ਕੰਮ ਦੀ ਤਲਾਸ਼ ਵਿਚ ਖੜ੍ਹੇ ਹੁੰਦੇ ਹਨ, ਅਜਿਹੇ ਸਥਾਨਾਂ ਤੇ ਬੋਰਡ ਦੀਆਂ ਸਕੀਮਾਂ ਸਬੰਧੀ **'ਸੂਚਨਾ ਬੋਰਡ'** ਲਗਵਾਏ ਜਾਣ ਅਤੇ ਐਫ.ਐਮ ਰੇਡੀਓ ਅਤੇ ਲੋਕਲ ਟੀ.ਵੀ ਚੈਨਲਾਂ ਤੇ ਇਸ ਬਾਰੇ ਮਸ਼ਹੂਰੀ ਕੀਤੀ ਜਾਵੇ। ਇਸ ਬਾਬਤ ਜਿੰਨੇ ਵੀ ਸੂਚਨਾ ਬੋਰਡ ਲੇਬਰ ਚੌਕਾਂ ਤੇ ਖੇਤਰੀ ਅਧਿਕਾਰੀਆਂ ਵਲੋਂ ਸਥਾਪਿਤ ਕੀਤੇ ਜਾਣਗੇ, ਉਨ੍ਹਾਂ ਦੇ ਵੇਰਵੇ ਅਗਲੀ ਮੀਟਿੰਗ ਵਿਚ ਪੇਸ਼ ਕੀਤੇ ਜਾਣ।

ਮੈਂਬਰ ਸਹਿਬਾਨ ਵਲੋਂ ਇਸ ਗੱਲ ਤੇ ਜੋਰ ਦਿਤਾ ਗਿਆ ਕਿ ਉਸਾਰੀ ਕਿਰਤੀਆਂ ਨੂੰ ਰਜਿਸਟਰ ਕਰਨ ਸਬੰਧੀ ਕੈਂਪ ਲਗਾਕੇ ਮੁਹਿੰਮ ਦੀ ਸੂਰਤ ਵਿਚ ਵੱਧ ਤੋਂ ਵੱਧ ਰਜਿਸਟ੍ਰੇਸ਼ਨਾਂ ਅਮਲ ਵਿਚ ਲਿਆਦੀਆਂ ਜਾਣ ਅਤੇ ਇਸ ਸਬੰਧੀ ਕੈਪਾਂ ਦਾ ਵੇਰਵਾ ਸਮੇਤ ਸਥਾਨ, ਚਾਰਟ ਦੀ ਸ਼ਕਲ ਵਿਚ ਜਿਲ੍ਹਾ ਵਾਈਜ/ ਅਫਸਰ ਵਾਈਜ ਤਿਆਰ ਕਰਕੇ ਬੋਰਡ ਦੀ ਅਗਲੀ ਮੀਟਿੰਗ ਵਿਚ ਜਾਣਕਾਰੀ ਲਈ ਪੇਸ਼ ਕੀਤਾ ਜਾਵੇ ਅਤੇ ਇਸ ਸਬੰਧ ਵਿਚ ਬੋਰਡ ਦੇ ਗੈਰ ਸਰਕਾਰੀ ਮੈਂਬਰਾਂ/ ਐਨ.ਜੀ.ਓਜ ਦੇ ਨਾਲ ਤਾਲਮੇਲ ਕਰਦੇ ਹੋਏ ਤੁਰੰਤ ਕਾਰਵਾਈ ਕੀਤੀ ਜਾਵੇ। ਮਾਨਯੋਗ ਪ੍ਰਮੁੱਖ ਸਕੱਤਰ ਜੀ ਵਲੋਂ ਕਿਹਾ ਗਿਆ ਕਿ ਖੇਤਰੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਹਰ ਮਹੀਨਾਵਾਰ ਮੀਟਿੰਗ ਵਿਚ ਉਨ੍ਹਾਂ ਵਲੋਂ ਮਹੀਨੇ ਦੋਰਾਨ ਸਕੀਮ-ਵਾਈਜ ਜਿੰਨੀਆਂ ਅਰਜੀਆਂ ਲਾਭ ਪ੍ਰਾਪਤ ਕਰਨ ਲਈ ਕਿਰਤੀਆਂ ਤੋਂ ਭਰਵਾਕੇ ਬੋਰਡ ਦੇ ਸਦਰ ਦਫਤਰ ਨੂੰ ਮੰਜੂਰੀ ਹਿੱਤ ਭੇਜੀਆਂ ਹਨ, ਦੀ ਸੂਚੀ ਨਾਲ ਲਿਆਇਆ ਕਰਨ ਅਤੇ ਸਕੱਤਰ ਬੋਰਡ ਵਲੋਂ ਉਸ ਦਾ ਹਰ ਮਹੀਨੇ ਰਿਵਿਊ ਕੀਤਾ ਜਾਵੇ। ਅਧਿਕਾਰੀ ਬੋਰਡ ਦੇ ਸਟਾਫ ਰਾਹੀਂ ਲਾਭਪਾਤਰੀਆਂ ਨੂੰ ਇਹ ਅਰਜੀਆਂ ਭਰਨ ਲਈ ਸਹਾਇਤਾ ਕਰਨ ਅਤੇ ਬੋਰਡ ਵਲੋਂ ਅਧਿਕਾਰੀਆਂ ਨੂੰ ਸਕੀਮਾਂ ਅਧੀਨ ਜਿਆਦਾ ਲਾਭ ਵੰਡਾਉਣ ਲਈ ਵਿਸਥਾਰ-ਪੁਰਵਕ ਦਿਸ਼ਾ-ਨਿਰਦੇਸ਼ ਵੀ ਦਿਤੇ ਜਾਣ।

**ਪੈਰਾ ਨੰ:6** **ਉਸਾਰੀ ਕਿਰਤੀਆਂ ਲਈ ਨਵੀਆਂ ਭਲਾਈ ਸਕੀਮਾਂ ਬਨਾਉਣ ਬਾਰੇ।**

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਪੈਨਸ਼ਨ ਸਕੀਮ ਸਬੰਧੀ ਸਪਲੀਮੈਂਟਰੀ ਅਜੰਡਾ ਆਈਟਮ ਨੰ:1 ਬੋਰਡ ਦੇ ਵਿਚਾਰਣ ਲਈ ਪੇਸ਼ ਕੀਤੀ ਗਈ ਹੈ।

**7ਵੀਂ ਮੀਟਿੰਗ ਦੀ ਆਈਟਮ ਨੰ:4** **ਬੋਰਡ ਵਿਚ ਸਟਾਫ ਦੀ ਨਿਯੁਕਤੀ ਚਾਲੂ ਰੱਖਣ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਬੋਰਡ ਵਿਚ ਸਟਾਫ ਸਰਵਿਸ ਪ੍ਰੋਵਾਇਡਰ ਰਾਹੀਂ ਰੱਖਿਆ ਗਿਆ ਹੈ ਅਤੇ ਮੋਜੂਦਾ ਸਰਵਿਸ ਪ੍ਰੋਵਾਇਡਰ ਮੈਸ: ਏ ਟੂ ਜੈਡ ਸਰਵਿਸਜ ਦੇ ਠੇਕੇ ਦੀ ਇਕ ਸਾਲ ਦੀ ਮਿਆਦ ਮਿਤੀ 30.6.2013 ਨੂੰ ਸਮਾਪਤ ਹੋ ਗਈ ਸੀ, ਜੋ ਕਿ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਅਗੇ ਤਿੰਨ ਮਹੀਨੇ ਲਈ ਅਰਥਾਤ ਮਿਤੀ 1.7.2013 ਤੋਂ 30.9.2013 ਤੱਕ ਵਧਾਈ ਗਈ ਸੀ, ਜਿਸਦੀ ਕਾਰਜਬਾਦ ਪ੍ਰਵਾਨਗੀ ਬੋਰਡ ਤੋਂ ਲਈ ਜਾਣੀ ਹੈ। ਬੋਰਡ ਵਲੋਂ ਇਸ ਸਬੰਧੀ ਕਾਰਜਬਾਦ ਪ੍ਰਵਾਨਗੀ ਦਿਤੀ ਗਈ।

ਮੈਂਬਰ ਸਕੱਤਰ ਵਲੋਂ ਮੋਕੇ ਤੇ ਮੀਟਿੰਗ ਵਿਚ ਇਹ ਵੀ ਦਸਿਆ ਗਿਆ ਕਿ ਬੋਰਡ ਵਿਚ ਸਟਾਫ ਰੱਖਣ ਲਈ ਸਰਵਿਸ ਪ੍ਰੋਵਾਈਡਰਾਂ ਪਾਸੋਂ ਟੈਂਡਰ ਮੰਗੇ ਗਏ ਸਨ, ਜਿਸ ਅਨੁਸਾਰ ਕੁਝ ਸਰਵਿਸ ਪ੍ਰੋਵਾਈਡਰਾਂ ਵਲੋਂ 0%,0.20% ਅਤੇ 0.24% ਸਰਵਿਸ ਚਾਰਜਿਜ ਦੇ ਰੇਟ ਦਿਤੇ ਗਏ ਸਨ। ਲੇਕਿਨ ਇਹ ਮਹਿਸੂਸ ਕੀਤਾ ਗਿਆ ਸੀ ਕਿ ਇਤਨੇ ਘੱਟ ਰੇਟ ਤੇ ਸਰਵਿਸ ਪ੍ਰੋਵਾਈਡਰ ਬੋਰਡ ਨੂੰ ਸਟਾਫ ਮੁਹਈਆ ਕਰਵਾਉਣ ਵਿਚ ਉਚਿਤ ਢੰਗ ਨਾਲ ਸਰਵਿਸ ਨਹੀਂ ਦੇ ਸਕੇਗਾ। ਇਸ ਲਈ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਸਾਰਾ ਟੈਂਡਰ ਕੈਂਸਲ ਕਰ ਦਿਤਾ ਗਿਆ ਸੀ। ਮੈਂਬਰ ਸਕੱਤਰ ਵਲੋਂ ਇਹ ਵੀ ਦਸਿਆ ਗਿਆ ਕਿ ਬੋਰਡ ਵਿਚ ਸਟਾਫ ਰੱਖਣ ਦਾ ਠੇਕਾ **'ਪੈਸਕੋ'** ( ਜੋ ਕਿ ਇਕ ਅਰਧ-ਸਰਕਾਰੀ ਏਜੰਸੀ ਹੈ) ਨੂੰ ਦੇਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਸਰਵਿਸ ਚਾਰਜਿਜ ਘਟਾਉਣ ਬਾਰੇ ਉਨ੍ਹਾਂ ਨਾਲ ਗਲਬਾਤ (negotiation) ਕੀਤੀ ਜਾ ਰਹੀ ਹੈ। ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ **ਪੈਸਕੋ** ਰਾਹੀਂ ਸਟਾਫ ਰੱਖਣ ਦੀ ਤਜਵੀਜ ਨੂੰ ਪ੍ਰਵਾਨ ਕੀਤਾ ਗਿਆ ਅਤੇ ਕਿਹਾ ਗਿਆ ਕਿ ਇਸ ਸਬੰਧੀ ਤੁਰੰਤ **ਪੈਸਕੋ** ਨਾਲ negotiate ਕਰਕੇ ਅਗਲੀ ਕਾਰਵਾਈ ਮੁਕੰਮਲ ਕੀਤੀ ਜਾਵੇ।

**8ਵੀਂ ਮੀਟਿੰਗ ਆਈਟਮ ਨੰ:7** **ਬੋਰਡ ਵਲੋਂ ਲੇਬਰ ਸ਼ੈਡ ਬਨਾਉਣ ਸਬੰਧੀ।**

ਮੀਟਿੰਗ ਵਿਚ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਦਸਿਆ ਗਿਆ ਕਿ ਲੇਬਰ ਸ਼ੈਡਾਂ ਦੇ ਰੱਖ ਰਖਾਵ ਸਬੰਧੀ ਉਨ੍ਹਾਂ ਵਲੋਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਸੀ ਅਤੇ ਇਨ੍ਹਾਂ ਦੇ ਰੱਖ ਰਖਾਵ ਦੀ ਜਿੰਮੇਵਾਰੀ ਸਥਾਨਕ ਸਰਕਾਰ ਵਿਭਾਗ ਨੂੰ ਦਿਤੀ ਗਈ ਹੈ। ਇਸ ਮੌਕੇ ਤੇ ਮੀਟਿੰਗ ਵਿਚ ਹਾਜਰ ਸਥਾਨਕ ਸਰਕਾਰ ਵਿਭਾਗ ਦੇ ਨੁਮਾਇੰਦੇ ਨੇ ਦਸਿਆ ਕਿ ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਵਲੋਂ ਰਾਜ ਵਿਚ ਸਾਰੇ ਮਿਉਂਸਪਲ ਕਮਿਸ਼ਨਰਜ ਅਤੇ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਨੂੰ ਲਿਖਿਆ ਗਿਆ ਹੈ ਕਿ ਉਨ੍ਹਾਂ ਦੇ ਅਧੀਨ ਆਉਦੀਆਂ ਨਗਰ ਨਿਗਮਾਂ/ ਨਗਰ ਕੌਂਸਲਾਂ/ ਨਗਰ ਪੰਚਾਇਤਾਂ ਅਤੇ ਨਗਰ ਸੁਧਾਰ ਟਰਸਟਾਂ ਵਿਚ ਲੋੜ ਅਨੁਸਾਰ ਬਨਾਏ ਜਾਣ ਵਾਲੇ ਲੇਬਰ ਸ਼ੈਡਾਂ ਲਈ ਥਾਂ ਦੀ ਚੋਣ ਕਰਨ ਉਪਰੰਤ ਸੰਖੇਪ ਸਾਈਟ ਪਲਾਨ ਅਤੇ ਲੇਬਰ ਸ਼ੈਡਾਂ ਦੇ ਰੱਖ ਰਖਾਵ ਸਬੰਧਤ ਸੰਸਥਾਵਾਂ ਵਲੋਂ ਕੀਤੇ ਜਾਣ ਸਬੰਧੀ ਮਤਾ ਪ੍ਰਵਾਨ ਕਰਕੇ ਅਪਣੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਸਮੇਤ ਕੇਸ ਭੇਜਣ। ਇਸ ਸਬੰਧੀ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸਕੱਤਰ ਬੋਰਡ ਨੂੰ ਕਿਹਾ ਗਿਆ ਕਿ ਲੋਕਲ ਬਾਡੀ ਪਾਸੋਂ ਲੇਬਰ ਸ਼ੈਡ ਬਨਾਉਣ ਸਬੰਧੀ ਬਣਾਈਆਂ ਗਈਆਂ ਜਿਲ੍ਹਾ ਵਾਈਜ ਸੂਚੀਆਂ ਪ੍ਰਾਪਤ ਕੀਤੀਆਂ ਜਾਣ ਜਿਸ ਬਾਰੇ ਬੋਰਡ ਦੇ ਮੈਂਬਰ ਸਹਿਬਾਨ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**ਆਈਟਮ ਨੰ:9** **ਬੋਰਡ ਦੇ ਪੰਜੀਕ੍ਰਿਤ ਲਾਭਪਾਤਰੀਆਂ ਅਤੇ ਕਿਰਤ ਭਲਾਈ ਸਕੀਮਾਂ ਦਾ ਕੰਪਿਉਟਰੀਕਰਨ ਸਬੰਧੀ ਪ੍ਰਾਜੈਕਟ ਤਿਆਰ ਕਰਾਉਣ ਬਾਰੇ।**

ਮੀਟਿੰਗ ਵਿਚ ਮਾਨਯੋਗ ਚੇਅਰਮੈਨ ਜੀ ਵਲੋਂ ਦਸਿਆ ਗਿਆ ਕਿ ਸਕੱਤਰ ਬੋਰਡ ਵਲੋਂ ਕੰਪਿਉਟਰਾਈਜੇਸ਼ਨ ਸਬੰਧੀ ਟੈਂਡਰ ਪਾਸ ਕਰਨ ਲਈ ਜੋ ਤਜਵੀਜ ਉਨ੍ਹਾਂ ਪਾਸ ਭੇਜੀ ਗਈ ਹੈ, ਉਸ ਸਬੰਧੀ ਮਿਸਲ ਅਜੇ ਉਨ੍ਹਾਂ ਦੇ ਵਿਚਾਰ ਅਧੀਨ ਹੈ। ਸਕੱਤਰ ਬੋਰਡ ਵਲੋਂ ਦਸਿਆ ਗਿਆ ਕਿ ਮਾਨਯੋਗ ਚੇਅਰਮੈਨ ਜੀ ਪਾਸੋਂ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਅਗਲੀ ਕਾਰਵਾਈ ਮੁਕੰਮਲ ਕੀਤੀ ਜਾਵੇਗੀ।

| | |
|---|---|
| **9ਵੀਂ ਮੀਟਿੰਗ ਦੀ ਅਜੰਡਾ ਆਈਟਮ ਨੰ:4** | **ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸਨਲ ਐਜੂਕੇਸਨ ਸਕੀਮ।** |

ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਮੀਟਿੰਗ ਵਿਚ ਇਹ ਸੁਝਾਅ ਦਿਤਾ ਗਿਆ ਕਿ ਸਕਿਲ ਡਿਵੈਲਪਮੈਂਟ ਅਤੇ ਵੋਕੇਸ਼ਨਲ ਐਜੂਕੇਸ਼ਨ ਦੇ ਕੰਮ ਨੂੰ ਪ੍ਰਫੁਲਤ ਕਰਨ ਲਈ 'Target' ਨੂੰ identify ਕਰਨ ਲਈ ਸਾਰੇ ਖੇਤਰੀ ਅਧਿਕਾਰੀਆਂ/ ਇੰਸਪੈਕਟਰਾਂ ਨੂੰ ਹਦਾਇਤਾਂ ਜਾਰੀ ਕਰਨ ਦੀ ਲੋੜ ਹੈ। ਬੋਰਡ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਪ੍ਰੋਜੈਕਟ ਡਾਇਰੈਕਟਰ ਸਕਿਲ ਡਵੈਲਪਮੈਂਟ ਨੂੰ ਖੇਤਰੀ ਅਧਿਕਾਰੀਆਂ ਨਾਲ ਤਾਲ ਮੇਲ ਕਰਕੇ ਲਿਸਟਾਂ ਤਿਆਰ ਕਰਵਾਕੇ ਸਕੱਤਰ ਬੋਰਡ ਨੂੰ ਭੇਜਣ ਲਈ ਕਿਹਾ ਗਿਆ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਇਸ ਗੱਲ ਤੇ ਜੋਰ ਪਾਇਆ ਗਿਆ ਕਿ ਸਕਿਲ ਡਿਵੈਲਪਮੈਂਟ ਲਈ ਜੋ ਵੀ ਬੋਰਡ ਵਲੋਂ ਸਹਾਇਤਾ ਕੀਤੀ ਜਾਣੀ ਹੈ ਇਹ ਕਿਸੀ ਲਾਭਪਾਤਰੀ ਨੂੰ ਸਿਧੀ ਅਦਾਇਗੀ ਨਾ ਕਰਦੇ ਹੋਏ ਸਬੰਧਤ ਸੰਸਥਾ, ਜਿਸ ਦੁਆਰਾ ਟ੍ਰੇਨਿੰਗ ਦਿਤੀ ਜਾ ਰਹੀ ਹੈ, ਨੂੰ ਹੀ ਟ੍ਰਾਂਸਫਰ ਕੀਤੀ ਜਾਵੇ। ਇਸ ਬਾਰੇ ਸਕੱਤਰ ਬੋਰਡ ਵਲੋਂ ਮੋਕੇ ਤੇ ਦਸਿਆ ਕਿ ਇਹ ਸਥਿਤੀ ਪਹਿਲਾਂ ਹੀ ਸਕੀਮ ਵਿਚ ਸਪਸ਼ਟ ਕੀਤੀ ਹੋਈ ਹੈ, ਜਿਸ ਨਾਲ ਮੈਂਬਰ ਸਹਿਬਾਨ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

| | |
|---|---|
| **9ਵੀਂ ਮੀਟਿੰਗ ਦੀ ਅਜੰਡਾ ਆਈਟਮ ਨੰ:5** | **ਫਾਜਿਲਕਾ ਵਿਖੇ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਕੰਮ ਸਬੰਧੀ ਤੈਨਾਤੀ ਬਾਰੇ।** |

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਬੋਰਡ ਦੇ ਫੈਸਲੇ ਅਨੁਸਾਰ ਫਾਜਿਲਕਾ ਵਿਖੇ ਨਵੀਆਂ ਅਸਾਮੀਆਂ ਦੀ ਰਚਨਾ ਉਪਰੰਤ ਸਰਵਿਸ ਪ੍ਰੋਵਾਇਡਰ ਵਲੋਂ ਸਟਾਫ ਤੈਨਾਤ ਕਰ ਦਿਤਾ ਗਿਆ ਹੈ। ਇਸ ਮੋਕੇ ਤੇ ਸ਼੍ਰੀ ਰਮੇਸ਼ ਕੁਮਾਰ ਸ਼ਰਮਾ - ਮੈਂਬਰ ਬੋਰਡ ਵਲੋਂ ਦਸਿਆ ਗਿਆ ਕਿ ਪੰਜਾਬ ਵਿਚ ਫਾਜਿਲਕਾ ਵਾਂਗ, ਪਠਾਨਕੋਟ ਵੀ ਨਵਾਂ ਜਿਲ੍ਹਾ ਬਣਿਆ ਹੈ। ਪਠਾਨਕੋਟ ਵਿਖੇ ਭਾਵੇਂ ਕਿਰਤ ਇੰਸਪੈਕਟਰ ਗ੍ਰੇਡ-2 ਦਾ ਦਫਤਰ ਹੈ ਲੇਕਿਨ ਉਨ੍ਹਾਂ ਪਾਸ ਬੋਰਡ ਦਾ ਕੋਈ ਸਟਾਫ ਨਾ ਹੋਣ ਕਾਰਣ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਅਤੇ ਸਕੀਮਾਂ ਦੇ ਲਾਭ ਦੁਆਉਣ ਵਿਚ ਕਾਫੀ ਔਕੜ ਆਉਂਦੀ ਹੈ। ਇਸ ਲਈ ਉਨ੍ਹਾਂ ਨੇ ਸੁਝਾਅ ਦਿਤਾ ਕਿ ਜਿਵੇਂ ਬੋਰਡ ਵਲੋਂ ਫਾਜਿਲਕਾ ਜਿਲ੍ਹੇ ਲਈ ਸਰਵਿਸ ਪ੍ਰੋਵਾਇਡਰ ਰਾਹੀਂ ਸਟਾਫ ਮੁਹਈਆ ਕਰਵਾਇਆ ਗਿਆ ਹੈ, ਇਸੇ ਤਰਾਂ ਪਠਾਨਕੋਟ ਜਿਲ੍ਹੇ ਲਈ ਵੀ ਪਠਾਨਕੋਟ ਵਿਖੇ ਬੋਰਡ ਦਾ ਸਟਾਫ ਮੁਹਈਆ ਕਰਵਾਇਆ ਜਾਣਾ ਚਾਹੀਦਾ ਹੈ। ਸ਼੍ਰੀ ਰਮੇਸ਼ ਕੁਮਾਰ ਸ਼ਰਮਾ ਜੀ ਦੇ ਸੁਝਾਅ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਬੋਰਡ ਵਲੋਂ ਫਾਜਿਲਕਾ ਵਾਂਗ ਪਠਾਨਕੋਟ ਜਿਲ੍ਹੇ ਲਈ ਵੀ ਲੋੜੀਂਦੀ ਅਸਾਮੀਆਂ ਦੀ ਰਚਨਾ ਕਰਕੇ ਸਟਾਫ ਮੁਹਈਆ ਕਰਾਉਣ ਦੀ ਪ੍ਰਵਾਨਗੀ ਦਿਤੀ ਗਈ।

ਮੀਟਿੰਗ ਦੋਰਾਨ ਨਾਨ-ਆਫੀਸ਼ਿਅਲ ਮੈਂਬਰਾਂ ਵਲੋਂ ਇਹ ਵੀ ਸੁਝਾਅ ਦਿਤਾ ਗਿਆ ਕਿ ਉਸਾਰੀ ਕਿਰਤੀਆਂ ਦੀ ਬਤੌਰ ਲਾਭਪਾਤਰੀ ਰਜਿਸਟ੍ਰੇਸ਼ਨ ਕਰਨ ਲਈ ਬੋਰਡ ਵਲੋਂ ਰਜਿਸਟ੍ਰੇਸ਼ਨ ਫਾਰਮਾਂ ਦੀ ਛਪਾਈ ਕਰਵਾਕੇ ਸਾਰੇ ਖੇਤਰੀ ਅਧਿਕਾਰੀਆਂ ਨੂੰ ਸਪਲਾਈ ਕੀਤੀ ਜਾਣੀ ਚਾਹੀਦੀ ਹੈ। ਇਸ ਸਬੰਧ ਵਿਚ ਸਕੱਤਰ ਬੋਰਡ ਵਲੋਂ ਦਸਿਆ ਗਿਆ ਕਿ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਸਬੰਧੀ ਰਜਿਸਟ੍ਰੇਸ਼ਨ ਫਾਰਮ ਅਤੇ ਪਹਿਚਾਣ ਪੱਤਰ ਪਹਿਲਾਂ ਹੀ ਲੋੜ ਅਨੁਸਾਰ ਮੋਕੇ ਮੋਕੇ ਤੇ ਮੁਹੱਈਆ ਕਰਵਾਏ ਜਾਂਦੇ ਹਨ ਅਤੇ ਇਸ ਤੋਂ ਇਲਾਵਾ ਹੋਰ ਰਜਿਸਟ੍ਰੇਸ਼ਨ ਫਾਰਮ ਅਤੇ ਪਹਿਚਾਣ ਪੱਤਰਾਂ ਦੀ ਛਪਾਈ ਬਾਰੇ ਸਰਕਾਰੀ ਪ੍ਰੈਸ ਯੂ.ਟੀ ਚੰਡੀਗੜ੍ਹ ਨੂੰ ਆਰਡਰ ਜਾਰੀ ਕੀਤਾ ਹੋਇਆ ਹੈ।

| | |
|---|---|
| **ਸਪਲੀਮੈਂਟਰੀ ਅਜੰਡਾ ਆਈਟਮ ਨੰ:3** | **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਅਧੀਨ ਮੌਜੂਦਾ ਦਰਾਂ ਅਤੇ ਸ਼ਰਤਾਂ ਵਿਚ ਸੋਧਾਂ ਬਾਰੇ।** |

ਮੀਟਿੰਗ ਦੌਰਾਨ ਕੁਝ ਨਾਨ-ਆਫੀਸ਼ਿਅਲ ਮੈਂਬਰਾਂ ਵਲੋਂ ਵਜੀਫਾ ਸਕੀਮ ਅਧੀਨ ਦਿਤੀ ਜਾ ਰਹੀ ਵਿਤੀ ਸਹਾਇਤਾ ਦੀ ਪੜਚੋਲ ਕਰਨ ਉਪਰੰਤ ਇਹ ਸੁਝਾਅ ਦਿਤਾ ਗਿਆ ਕਿ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬਚਿਆਂ ਨੂੰ ਬੀ.ਐਡ ਅਤੇ ਨਰਸਿੰਗ ਕੋਰਸ ਦੀ ਪੜਾਈ ਲਈ ਵੀ ਵਜੀਫੇ ਦਿਤੇ ਜਾਣੇ ਚਾਹੀਦੇ ਹਨ। ਇਸ ਮੋਕੇ ਤੇ ਡਿਪਟੀ ਸਕੱਤਰ ਵਲੋਂ ਸਪਸ਼ਟ ਕੀਤਾ ਗਿਆ ਕਿ ਇਸ ਸਕੀਮ ਅਧੀਨ ਪਹਿਲਾਂ ਹੀ ਕਾਲਜ ਵਿਦਿਆਰਥੀਆਂ ਲਈ ਹਰ ਤਰ੍ਹਾਂ ਦੀ ਗ੍ਰੈਜੁਏਸ਼ਨ/ ਪੋਸਟ ਗ੍ਰੈਜੁਏਸ਼ਨ ਦੀ ਪੜਾਈ ਲਈ ਵਜੀਫਾ ਦੇਣ ਦਾ ਪ੍ਰਾਵਧਾਨ ਕੀਤਾ ਹੋਇਆ ਹੈ ਅਤੇ ਇਸ ਤਰਾਂ ਬੀ.ਐਡ, ਜੋ ਕਿ ਗ੍ਰੈਜੁਏਸ਼ਨ ਦੀ ਪੜਾਈ ਵਿਚ ਕਵਰ ਹੁੰਦੀ ਹੈ, ਲਈ ਕਾਲਜ ਵਿਦਿਆਰਥੀਆਂ ਨੂੰ ਵਜੀਫਾ ਦਿਤਾ ਜਾ ਰਿਹਾ ਹੈ। ਜਿਥੋਂ ਤੱਕ ਨਰਸਿੰਗ ਕੋਰਸ ਨੂੰ ਵਜੀਫਾ ਸਕੀਮ ਵਿਚ ਸ਼ਾਮਲ ਕਰਨ ਦਾ ਸਬੰਧ ਹੈ ਇਸ ਬਾਰੇ ਮੈਂਬਰ ਸਹਿਬਾਨ ਦੇ ਸੁਝਾਅ ਅਨੁਸਾਰ ਅਗਲੀ ਮੀਟਿੰਗ ਵਿਚ ਅਜੰਡਾ

ਆਈਟਮ ਪੇਸ਼ ਕੀਤੀ ਜਾ ਸਕਦੀ ਹੈ। ਬੋਰਡ ਵਲੋਂ ਇਸ ਸਬੰਧੀ ਸਹਿਮਤੀ ਪ੍ਰਗਟ ਕਰਦੇ ਹੋਏ ਅਗਲੀ ਮੀਟਿੰਗ ਵਿਚ ਅਜੰਡਾ ਆਈਟਮ ਪੇਸ਼ ਕਰਨ ਲਈ ਕਿਹਾ ਗਿਆ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:4 (ਸ)** **ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਸਕੀਮ ਅਤੇ ਹੋਰ ਸਕੀਮਾਂ/ਪ੍ਰੋਜੈਕਟਾਂ ਨੂੰ ਬਨਾਉਣ ਉਪਰੰਤ ਲਾਗੂ ਕਰਨ ਬਾਰੇ।**

ਇਸ ਸਬੰਧ ਵਿਚ ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਬੋਰਡ ਵਿਚ ਪ੍ਰੋਜੈਕਟ ਡਾਇਰੈਕਟਰ ਦੀ ਅਸਾਮੀ ਦੀ ਰਚਨਾ ਕਰਨ ਵੇਲੇ ਇਸ ਅਸਾਮੀ ਦਾ ਤਨਖਾਹ ਸਕੇਲ ਨਿਰਧਾਰਿਤ ਕਰਨਾ ਰਹਿ ਗਿਆ ਸੀ ਜੋ ਕਿ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਰੁਪਏ 37400-67000 ਰੁਪਏ ਅਤੇ 8700 ਰੁਪਏ ਗ੍ਰੇਡ ਪੇ ਨਿਰਧਾਰਤ ਕੀਤਾ ਗਿਆ ਹੈ, ਜਿਸਦੀ ਬੋਰਡ ਪਾਸੋਂ ਕਾਰਜਬਾਦ ਪ੍ਰਵਾਨਗੀ ਲੋੜੀਂਦੀ ਸੀ। ਇਸ ਸਬੰਧ ਵਿਚ ਮੈਂਬਰ ਸਕੱਤਰ ਵਲੋਂ ਇਹ ਵੀ ਜਾਣੂ ਕਰਵਾਇਆ ਗਿਆ ਕਿ ਸ਼੍ਰੀ ਜਗਜੀਤ ਸਿੰਘ ਮਿਤੀ 21.8.2013 ਨੂੰ ਬੋਰਡ ਵਿਚ ਡੈਪੂਟੇਸ਼ਨ ਤੇ ਬਤੌਰ ਪ੍ਰੋਜੈਕਟ ਡਾਇਰੈਕਟਰ ਹਾਜਰ ਹੋ ਗਏ ਹਨ। ਇਸ ਸਬੰਧ ਵਿਚ ਬੋਰਡ ਵਲੋਂ ਕਾਰਜਬਾਦ ਪ੍ਰਵਾਨਗੀ ਦਿਤੀ ਗਈ।

ਉਪਰੋਕਤ ਆਈਟਮਾਂ ਤੋਂ ਇਲਾਵਾ ਬਾਕੀ ਆਈਟਮਾਂ ਦੇ ਫੈਸਲਿਆਂ ਤੇ ਕੀਤੀ ਕਾਰਵਾਈ ਦੀ ਬੋਰਡ ਵਲੋਂ ਪੁਸ਼ਟੀ ਕੀਤੀ ਗਈ।

**ਅਜੰਡਾ ਆਇਟਮ ਨੰ:3** **ਬੋਰਡ ਦੇ ਕੰਮ ਦਾ ਕੰਪਿਊਟਰੀਕਰਨ ਕਰਾਉਣ ਲਈ ਪ੍ਰੋਜੈਕਟ ਮੈਨੇਜਰ ਅਤੇ ਪ੍ਰੋਜੈਕਟ ਕੋਰਡੀਨੇਟਰ ਦੀ ਨਿਯੁਕਤੀ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਬੋਰਡ ਦੇ ਕੰਮ ਦਾ ਕੰਪਿਊਟਰੀਕਰਨ ਕਰਨ ਦੇ ਮੰਤਵ ਲਈ ਪ੍ਰੋਜੈਕਟ ਦੀ ਪੂਰਤੀ ਹੋਣ ਤੱਕ ਬੋਰਡ ਵਿਚ ਇਕ ਪ੍ਰੋਜੈਕਟ ਮੈਨੇਜਰ ਅਤੇ ਇਕ ਪ੍ਰੋਜੈਕਟ ਕੋਰਡੀਨੇਟਰ ਨਿਮਨ ਲਿਖਤ ਯੋਗਤਾਵਾਂ/ ਤਜਰਬਾ ਅਤੇ ਤਨਖਾਹ ਤੇ ਰੱਖਣ ਲਈ ਪ੍ਰਸਤਾਵਿਤ ਤਜਵੀਜ ਦੀ ਪ੍ਰਵਾਨਗੀ ਦਿਤੀ ਗਈ:-

| | Educational Qualification and experience | Area of experience | Knowledge | Salary |
|---|---|---|---|---|
| Project Manager | B.E/ B.Tech/ MCA in Computer Engineering/ Science in First Division with 7 years of experience | In Project Management in delivering large/ medium sized Projects in Private or Public Sector Organisation | Working Knowledge of Punjabi in Gurmukhi script is essential | Rs. 40000/-per month+ 5% annual increment. |
| Project Coordinator | B.E/ B.Tech/ MCA in Computer Engineering/ Science in First Division with 2 years of experience<br>OR<br>M.Sc. in IT/ Computer Science in First Division with 4 years of experience | In Project Management in delivering large/ medium sized Projects in Private or Public Sector Organisation | Working Knowledge of Punjabi in Gurmukhi script is essential | Rs. 25000/- per month+ 5% annual increment. |

ਇਸ ਸਬੰਧ ਵਿਚ ਉਮੀਦਵਾਰਾਂ ਦੀ ਭਰਤੀ ਕਰਨ ਲਈ ਕਿਰਤ ਕਮਿਸ਼ਨਰ ਕਮ- ਸਕੱਤਰ ਬੋਰਡ ਨੂੰ ਅਧਿਕਾਰਤ ਕੀਤਾ ਗਿਆ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਮੌਕੇ ਤੇ ਸੁਝਾਅ ਦਿਤਾ ਗਿਆ ਕਿ ਇਹ ਅਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਦੇ ਨਾਮ ਅਖਬਾਰਾਂ ਵਿਚ ਇਸ਼ਤਿਹਾਰ ਦੇਕੇ ਮੰਗਵਾਏ ਜਾਣ ਅਤੇ ਇਨ੍ਹਾਂ ਅਸਾਮੀਆਂ ਲਈ ਲਿਖਤੀ ਇਮਤਿਹਾਨ ਅਤੇ ਇੰਟਰਵਿਊ ਸਬੰਧੀ ਪੰਜਾਬ ਇੰਜੀਨੀਅਰਿੰਗ ਕਾਲਜ/ ਥਾਪਰ ਕਾਲਜ ਨਾਲ ਰਾਬਤਾ ਕਾਇਮ ਕਰਕੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਲਿਖਤੀ ਇਮਤਿਹਾਨ ਅਤੇ ਇੰਟਰਵਿਊ

ਦੇ ਨੰਬਰ ਇੱਕਠੇ ਕਰਕੇ ਮੈਰਿਟ ਤਿਆਰ ਕੀਤੀ ਜਾਵੇ ਅਤੇ ਮੈਰਿਟ ਦੇ ਅਧਾਰ ਤੇ ਇਹ ਅਸਾਮੀਆਂ ਭਰੀਆਂ ਜਾਣ, ਜਿਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**ਅਜੰਡਾ ਆਈਟਮ ਨੰ:4** **ਬੋਰਡ ਦੇ ਸਾਲ 2011-12 ਦੇ ਤਿਆਰ ਕੀਤੇ ਲੇਖੇ (Balance Sheet) ਦੀ ਪ੍ਰਵਾਨਗੀ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਬੈਲੈਂਸ ਸ਼ੀਟ ਦੇ ਨਾਲ ਸੀ.ਏ ਦੇ ਆਡਿਟ ਨੋਟ ਦੀ ਕਾਪੀ ਨਹੀਂ ਲਗਾਈ ਗਈ। ਇਸ ਸਬੰਧ ਵਿਚ ਲੇਖਾ ਅਫਸਰ-ਬੋਰਡ ਨੇ ਮੋਕੇ ਤੇ ਦਸਿਆ ਕਿ ਸੀ.ਏ ਦੇ ਆਡਿਟ ਨੋਟ ਦੀ ਕਾਪੀ ਲਗਾਉਣ ਤੋਂ ਰਹਿ ਗਈ ਹੈ ਜੋਕਿ ਲਗਾ ਦਿਤੀ ਜਾਵੇਗੀ। ਬੋਰਡ ਵਲੋਂ ਸਾਲ 2011-12 ਦੇ ਸਲਾਨਾ ਲੇਖੇ (Balance Sheet) **ਅਨੁਲੱਗ 'ਕ'** ਅਨੁਸਾਰ ਪ੍ਰਵਾਨ ਕੀਤੇ ਗਏ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਕਿਉਂ ਜੋ ਵਿਤੀ ਸਾਲ 2012-13 ਵੀ ਸਮਾਪਤ ਹੋ ਚੁਕਾ ਹੈ, ਇਸ ਲਈ ਸਾਲ 2012-13 ਦੇ ਸਲਾਨਾ ਲੇਖੇ ਤਿਆਰ ਕਰਕੇ ਬੋਰਡ ਦੀ ਅਗਲੀ ਮੀਟਿੰਗ ਵਿਚ ਪੇਸ਼ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**ਅਜੰਡਾ ਆਈਟਮ ਨੰ:5** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਮੁਹੱਈਆ ਕਰਵਾਈਆਂ ਗਡੀਆਂ ਵਿਚੋਂ ਲੁਧਿਆਣਾ ਤੋਂ ਇਕ ਸੂਮੋ ਗੱਡੀ ਡਰਾਈਵਰ ਸਮੇਤ ਵਾਪਸ ਲੈਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਕਿਰਤ ਤੇ ਸੁਲਾਹ ਅਫਸਰ ਸਰਕਲ ਨੰ:1, ਲੁਧਿਆਣਾ ਦੀ ਸੂਮੋ ਗੱਡੀ ਨੰ: ਪੀ.ਬੀ.10-ਸੀ.ਵੀ.3541 ਡਰਾਈਵਰ ਸਮੇਤ ਲੁਧਿਆਣਾ ਤੋਂ ਚੰਡੀਗੜ੍ਹ ਵਿਖੇ ਮਾਨਯੋਗ ਚੇਅਰਮੈਨ ਜੀ ਦੇ ਦਫਤਰ ਵਿਚ ਉਨ੍ਹਾ ਦੇ ਸਟਾਫ ਦੀ ਵਰਤੋਂ ਲਈ ਸ਼ਿਫਟ ਕਰਨ ਦੀ ਕਾਰਵਾਈ ਬਾਰੇ ਕਾਰਜਬਾਦ ਪ੍ਰਵਾਨਗੀ ਦਿਤੀ ਗਈ।

**ਅਜੰਡਾ ਆਈਟਮ ਨੰ:6** **ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੀ.ਓ.ਸੀ.ਡਬਲਿਯੂ ਬੋਰਡ ਦੇ ਦਫਤਰ ਵਿਚ ਦਫਤਰੀ ਕੰਮ ਸਬੰਧੀ ਆਉਣ ਵਾਲੇ ਉਸਾਰੀ ਕਿਰਤੀਆਂ ਦੇ ਪ੍ਰਤਿਨਿਧਾਂ/ਪ੍ਰਬੰਧਕ/ ਠੇਕੇਦਾਰਾਂ ਲਈ ਚਾਹ-ਪਾਣੀ ਦੇ ਇੰਤਜਾਮ ਬਾਰੇ।**

ਇਸ ਅਜੰਡਾ ਆਈਟਮ ਬਾਰੇ ਕਿਰਤ ਕਮਿਸ਼ਨਰ ਕਮ- ਸਕੱਤਰ ਬੋਰਡ ਵਲੋਂ ਦਸਿਆ ਗਿਆ ਕਿ ਉਹ ਅਪਣੇ ਦਫਤਰ ਵਿਚ ਐਂਟਰਟੇਨਮੈਂਟ ਖਰਚੇ ਵਧਾਉਣ ਲਈ ਹਾਲ ਦੀ ਘੜੀ ਚਾਹਵਾਨ ਨਹੀਂ ਹਨ ਅਤੇ ਕਿਹਾ ਕਿ ਇਸ ਅਜੰਡਾ ਆਈਟਮ ਨੂੰ drop ਕਰ ਦਿਤਾ ਜਾਵੇ। ਬੋਰਡ ਵਲੋਂ ਇਸ ਅਜੰਡਾ ਆਈਟਮ ਨੂੰ drop ਕਰ ਦਿਤਾ ਗਿਆ।

**ਅਜੰਡਾ ਆਈਟਮ ਨੰ:7** **ਬੋਰਡ ਦੇ ਲੇਖਾ ਅਫਸਰ ਅਤੇ ਸੁਪਰਡੈਂਟ ਦੀ ਤਨਖਾਹ ਵਿਚ ਕੀਤੇ ਵਾਧੇ ਸਬੰਧੀ ਤਰਕਸੰਗਤ ਉਚਿੱਤਤਾ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਸਰਵਿਸ ਪ੍ਰੋਵਾਈਡਰ ਰਾਹੀਂ ਰੱਖੇ ਦੋਨੋ ਰਿਟਾਇਰਡ ਅਧਿਕਾਰੀਆਂ ਅਰਥਾਤ- ਲੇਖਾ ਅਫਸਰ ਅਤੇ ਸੁਪਰਡੈਂਟ ਨੂੰ ਬੋਰਡ ਦੇ ਡਿਪਟੀ ਸਕੱਤਰ ਵਾਂਗ ਸਰਕਾਰੀ ਨਿਯਮਾਂ ਅਨੁਸਾਰ ਉਨ੍ਹਾਂ ਦੀ ਰਿਟਾਇਰਮੈਂਟ ਸਮੇਂ ਦੀ ਆਖਰੀ ਤਨਖਾਹ ਵਿਚੋਂ, ਉਨ੍ਹਾਂ ਦੀ ਪੈਨਸ਼ਨ ਦੀ ਰਕਮ ਘਟਾਕੇ ਤਨਖਾਹ ਦੇਣ ਦੀ ਪ੍ਰਵਾਨਗੀ ਦਿਤੀ ਗਈ ਜੋ ਕਿ ਬੋਰਡ ਵਲੋਂ ਇਸ ਸਬੰਧੀ ਪਹਿਲਾਂ ਮਿਤੀ 8.3.13 ਨੂੰ ਹੋਈ ਮੀਟਿੰਗ ਵਿਚ ਲਏ ਫੈਸਲੇ ਦੀ ਮਿਤੀ ਤੋਂ ਲਾਗੂ ਹੋਵੇਗੀ।

**ਨੋਟ:-** ਅਜੰਡਾ ਆਈਟਮ ਨੰ:7 ਮਾਨਯੋਗ ਚੇਅਰਮੈਨ ਜੀ ਵਲੋਂ ਪ੍ਰਵਾਨ ਨਹੀਂ ਕੀਤੀ ਗਈ। ਉਨ੍ਹਾਂ ਵਲੋਂ ਦਿਤੇ ਆਦੇਸ਼ਾ ਅਨੁਸਾਰ ਇਹ ਆਈਟਮ ਅਗਲੀ ਮੀਟਿੰਗ ਵਿਚ ਦੁਬਾਰਾ ਵਿਚਾਰਨ ਲਈ ਪੁਟ-ਅਪ ਕੀਤੀ ਜਾਵੇਗੀ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:1** **ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਪੈਨਸ਼ਨ ਸਕੀਮ ਬਾਰੇ**

ਬੋਰਡ ਵਲੋਂ ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਪੈਨਸ਼ਨ ਸਕੀਮ ਬਨਾਉਣ ਸਬੰਧੀ ਸਿਧਾਂਤਕ ਪ੍ਰਵਾਨਗੀ ਦਿਤੀ ਗਈ। ਜਿਥੋਂ ਤੱਕ ਤਜਵੀਜ ਅਨੁਸਾਰ ਇਹ ਸਕੀਮ ਪੰਜਾਬ ਨੈਸ਼ਨਲ ਬੈਂਕ ਰਾਹੀਂ ਚਲਾਏ ਜਾਣ ਦਾ ਸਬੰਧ ਹੈ, ਇਸ ਬਾਰੇ ਮੀਟਿੰਗ ਵਿਚ ਸ਼੍ਰੀ ਰਮੇਸ਼ ਕੁਮਾਰ ਸ਼ਰਮਾ- ਮੈਂਬਰ ਵਲੋਂ ਇਤਰਾਜ ਉਠਾਇਆ ਗਿਆ ਕਿ ਇਹ ਆਮ ਵੇਖਣ ਵਿਚ ਆਇਆ ਹੈ ਕਿ ਪੰਜਾਬ ਨੈਸ਼ਨਲ ਬੈਂਕ ਵਲੋਂ ਅਪਣੇ ਗ੍ਰਾਹਕਾਂ ਨੂੰ ਉਚਿਤ ਸਰਵਿਸ ਨਹੀਂ ਦਿਤੀ ਜਾਂਦੀ। ਉਨ੍ਹਾਂ ਵਲੋਂ ਸੁਝਾਅ ਦਿਤਾ ਗਿਆ ਕਿ ਪੰਜਾਬ ਨੈਸ਼ਨਲ ਬੈਂਕ ਦੀ ਪੈਨਸ਼ਨ ਸਕੀਮ ਦੀ ਬਜਾਏ ਕਿਸੇ ਹੋਰ ਸੰਸਥਾ ਜਿਵੇਂ ਕਿ ਐਲ.ਆਈ.ਸੀ ਪਾਸੋਂ ਵੀ ਪੈਨਸ਼ਨ ਸਕੀਮ ਲੈ ਕੇ ਉਸਦੀ ਘੋਖ ਕਰ ਲਈ ਜਾਵੇ। ਇਸ ਸਬੰਧ ਵਿਚ ਵਿਸਥਾਰ ਨਾਲ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਐਲ.ਆਈ.ਸੀ/ਯੂ.ਟੀ.ਆਈ ਪਾਸ ਵੀ ਅਗਰ ਕੋਈ ਪੈਨਸ਼ਨ ਸਕੀਮ ਹੈ ਤਾਂ ਉਸ ਨੂੰ ਲੈ ਕੇ ਪੰਜਾਬ ਨੈਸ਼ਨਲ ਬੈਂਕ ਦੀ ਪੈਨਸ਼ਨ ਸਕੀਮ ਦੀ ਤੁਲਨਾਤਮਕ ਸਟੱਡੀ ਕੀਤੀ ਜਾਵੇ ਅਤੇ ਇਸ ਸਬੰਧੀ ਠੋਸ ਤਰਕ ਦਿੰਦੇ ਹੋਏ ਤਜਵੀਜ ਬੋਰਡ ਦੀ ਅਗਲੀ ਮੀਟਿੰਗ ਵਿਚ ਪੇਸ਼ ਕੀਤੀ ਜਾਵੇ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:2** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਲਈ ਸਿਹਤ ਬੀਮਾ ਸਕੀਮ ਲਾਗੂ ਕਰਨ ਬਾਰੇ।**

ਸਕੱਤਰ ਬੋਰਡ ਦੇ ਦਸਿਆ ਕਿ ਉਸਾਰੀ ਕਿਰਤੀ ਮੁਸ਼ਕਿਲ ਹਾਲਾਤਾਂ ਵਿਚ ਕੰਮ ਕਰਦੇ ਹਨ ਜਿਸ ਕਰਕੇ ਉਨ੍ਹਾਂ ਦੇ ਅਕਸਰ ਸੱਟਾਂ ਲੱਗ ਜਾਂਦੀਆਂ ਹਨ ਅਤੇ ਕਈ ਬੀਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਇਥੋਂ ਤਕ ਕਿ ਉਨ੍ਹਾਂ ਨੂੰ ਸ਼ੁਧ ਪਾਣੀ ਵੀ ਪੀਣ ਨੂੰ ਨਹੀਂ ਮਿਲਦਾ ਅਤੇ ਕੰਮ ਕਰਨ ਵਾਲੀ ਥਾਂ ਤੇ ਟਾਇਲਟ ਅਤੇ ਕੰਟੀਨ ਆਦਿ ਦੀ ਕੋਈ ਸੁਵਿਧਾ ਉਪਲਬਧ ਨਹੀਂ ਹੁੰਦੀ, ਜਿਸਦੇ ਸਿੱਟੇ ਵਜੋਂ ਸਿਹਤ ਪੱਖੀ ਸਹੂਲਤਾਂ ਤੋਂ ਇਹ ਕਿਰਤੀ ਅਕਸਰ ਵਾਂਝੇ ਰਹਿ ਜਾਂਦੇ ਹਨ ਅਤੇ ਅਪਣੀ ਸਾਰੀ ਉਮਰ ਬੀਮਾਰੀਆਂ ਦਾ ਸੰਤਾਪ ਭੁਗਤਦੇ ਰਹਿੰਦੇ ਹਨ। ਉਸਾਰੀ ਕਿਰਤੀਆਂ ਦੀਆਂ ਇਨ੍ਹਾਂ ਔਕੜਾਂ ਨੂੰ ਮੁੱਖ ਰੱਖਦੇ ਹੋਏ ਬੋਰਡ ਦੇ ਲਾਭਪਾਤਰੀਆਂ ਲਈ **ਸਿਹਤ ਬੀਮਾ ਸਕੀਮ** ਤਿਆਰ ਕੀਤੀ ਗਈ ਹੈ, ਜਿਸ ਅਧੀਨ ਲਾਭਪਾਤਰੀ ਜਾਂ ਉਸਦੇ ਪਰੀਵਾਰ ਦੇ ਮੈਂਬਰ ਅਪਣੀਆਂ ਵੱਖ-ਵੱਖ ਬੀਮਾਰੀਆਂ ਜਿਵੇਂ ਕਿ ਦਿਲ ਦਾ ਉਪਰੇਸ਼ਨ, ਜੋੜਾਂ ਦਾ ਬਦਲਨਾ, ਮੋਤੀਆ-ਬਿੰਦ ਦਾ ਉਪਰੇਸ਼ਨ, ਬੱਚੇਦਾਨੀ ਕਢਣਾ ਅਤੇ ਹਰਨੀਆਂ ਆਦਿ ਦੇ ਇਲਾਜ ਵਾਸਤੇ ਪ੍ਰਤੀ ਪਰੀਵਾਰ 1.5 ਲੱਖ ਰੁਪਏ ਤੱਕ ਦਾ ਲਾਭ ਉਠਾ ਸਕਣਗੇ। ਪ੍ਰਾਈਵੇਟ ਹਸਪਤਾਲਾਂ ਵਿਚ ਇਲਾਜ ਲਈ ਇਹ ਕੈਸ਼-ਲੈਸ ਸਕੀਮ ਹੋਵੇਗੀ, ਜਦਕਿ ਸਰਕਾਰੀ ਹਸਪਤਾਲਾਂ ਵਿਚ ਇਲਾਜ ਵਜੋਂ ਖਰਚੇ ਦੀ ਪ੍ਰਤੀ ਪੂਰਤੀ ਦਾ ਪ੍ਰਾਵਧਾਨ ਹੈ। ਇਸ ਸਕੀਮ ਸਬੰਧੀ ਅਖਬਾਰਾਂ ਵਿਚ ਇਸ਼ਤਿਹਾਰ ਦੇਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸ ਸਕੀਮ ਦੀ ਸਿਧਾਂਤਕ ਪ੍ਰਵਾਨਗੀ ਦਿੰਦੇ ਹੋਏ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਇਸ ਸਕੀਮ ਨੂੰ ਲਾਗੂ ਕਰਨ ਲਈ ਸਵਤੰਤਰ ਏਜੰਸੀ ਦੀ ਚੋਣ ਕਰਨ ਦੀ ਬਜਾਏ, ਇਸ ਸਕੀਮ ਨੂੰ ਸਹਿਕਾਰਤਾ ਵਿਭਾਗ ਵਲੋਂ ਚਲਾਈ ਜਾ ਰਹੀ **ਭਾਈ ਘਨੱਈਆ ਸਕੀਮ** ਨਾਲ ਜੋੜਿਆ (integrate) ਜਾਵੇ ਅਤੇ **ਭਾਈ ਘਨੱਈਆ ਟਰੱਸਟ** ਨੂੰ ਹੀ ਇਹ ਸਕੀਮ ਚਲਾਉਣ ਲਈ ਅਧਿਕਾਰਤ ਕੀਤਾ ਜਾਵੇ। ਇਸ ਨਾਲ ਇਸ ਸਕੀਮ ਨੂੰ ਚਲਾਉਣ ਲਈ ਆਉਣ ਵਾਲੇ ਸਮੇਂ ਵਿਚ ਬੋਰਡ ਨੂੰ ਪੇਸ਼ ਹੋਣ ਵਾਲੀਆਂ ਕਠਿਨਾਈਆਂ ਤੋਂ ਰਾਹਤ ਵੀ ਮਿਲੇਗੀ ਅਤੇ ਕੁਝ ਪ੍ਰਬੰਧਕੀ ਖਰਚੇ ਵੀ ਬਚ ਜਾਣਗੇ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 3** **ਬੋਰਡ ਦੇ ਪੰਜੀਕ੍ਰਿਤ ਲਾਭਪਾਤਰੀਆਂ ਦੀ ਭਲਾਈ ਲਈ ਸਕੀਮ ਦੀ ਸਰਕਾਰ ਵਲੋਂ ਪੂਰਵ ਪ੍ਰਵਾਨਗੀ ਉਪਰੰਤ, ਮਾਨਯੋਗ ਚੇਅਰਮੈਨ ਬੋਰਡ ਜੀ ਨੂੰ ਸਕੀਮ ਦੀ ਪ੍ਰਵਾਨਗੀ ਦੇਣ ਲਈ ਅਧਿਕਾਰਤ ਕਰਨ ਬਾਰੇ।**

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ 1996 ਅਤੇ ਉਸ ਅਧੀਨ ਪੰਜਾਬ ਸਰਕਾਰ ਵਲੋਂ ਬਣਾਏ ਰੂਲਜ਼ 2008 ਵਿਚ ਦਰਜ ਉਪਬੰਧਾਂ ਅਨੁਸਾਰ ਲਾਭਪਾਤਰੀ ਉਸਾਰੀ ਕਿਰਤੀਆਂ ਲਈ ਭਲਾਈ ਸਕੀਮਾਂ ਸਰਕਾਰ ਦੀ ਪੂਰਵ ਪ੍ਰਵਾਨਗੀ ਲੈਣ ਉਪਰੰਤ ਬੋਰਡ ਪਾਸੋਂ

ਅਜੰਡਾ ਆਈਟਮ ਪੇਸ਼ ਕਰਕੇ ਪ੍ਰਵਾਨ ਕਰਵਾਈਆਂ ਜਾਂਦੀਆਂ ਹਨ। ਕਈ ਵਾਰ ਮੀਟਿੰਗ ਵਿਚ ਮੈਂਬਰਾਂ ਦਾ ਕੋਰਮ ਪੂਰਾ ਨਾਂ ਹੋਣ ਕਾਰਣ ਜਾਂ ਕਿਸੇ ਹੋਰ ਕਾਰਣ ਬੋਰਡ ਦੀ ਮੀਟਿੰਗ ਰੱਖਣੀ ਸੰਭਵ ਨਹੀਂ ਹੁੰਦੀ ਅਤੇ ਇਸ ਕਰਕੇ ਲਾਭਪਾਤਰੀਆਂ ਲਈ ਭਲਾਈ ਸਕੀਮਾਂ ਬਨਾਉਣ ਵਿਚ ਦੇਰੀ ਹੋ ਜਾਂਦੀ ਹੈ। ਇਸ ਲਈ ਤਜਵੀਜ ਅਨੁਸਾਰ ਮਾਨਯੋਗ ਚੇਅਰਮੈਨ ਜੀ ਨੂੰ ਸਕੀਮਾਂ ਦੀ ਪ੍ਰਵਾਨਗੀ ਦੇਣ ਲਈ ਅਧਿਕਾਰਤ ਕਰਨ ਬਾਰੇ ਵਿਚਾਰ ਕਰ ਲਿਆ ਜਾਵੇ। ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਜਦੋਂ ਕਦੇ ਵੀ ਲਾਭਪਾਤਰੀਆਂ ਨੂੰ ਵਿਤੀ ਲਾਭ ਦੇਣ ਲਈ ਭਲਾਈ ਸਕੀਮਾਂ ਬਨਾਉਣ ਦੀ ਜਰੂਰਤ ਮਹਿਸੂਸ ਹੋਵੇ, ਉਦੋਂ ਨਿਯਮਾਂ ਅਨੁਸਾਰ ਸਰਕਾਰ ਦੀ ਲੋੜੀਂਦੀ ਪੂਰਵ ਪ੍ਰਵਾਨਗੀ ਲੈਣ ਉਪਰੰਤ ਮਾਨਯੋਗ ਚੇਅਰਮੈਨ ਜੀ ਪਾਸੋਂ ਮੰਜੂਰੀ ਪ੍ਰਾਪਤ ਕਰਕੇ ਸਕੀਮ ਨੂੰ ਲਾਗੂ ਕਰ ਲਿਆ ਜਾਵੇ ਜਿਸ ਦੀ ਕਾਰਜਬਾਦ ਪ੍ਰਵਾਨਗੀ ਬੋਰਡ ਦੀ ਅਗਲੀ ਮੀਟਿੰਗ ਵਿਚ ਲੈ ਲਈ ਜਾਵੇ।

**ਸਪਲੀਮੈਂਟਰੀ ਅਜੰਡਾ ਆਈਟਮ ਨੰ. 4** — **ਪੰਜਾਬ ਬਿਲਡਿੰਗ ਐਂਡ ਅਦਰ ਕੰਨਸਟਰਕਸਨ ਵਰਕਰਜ ਵੈਲਫੇਅਰ ਬੋਰਡ ਦਾ ਕੰਪਿਊਟਰੀਕਰਨ ਕਰਨ ਲਈ ਕੰਪਿਊਟਰ ਹਾਰਡਵੇਅਰ ਦਾ ਵਾਧੂ ਬਜਟ ਪ੍ਰਵਾਨ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਸਾਲ 2013-14 ਦੇ ਸਲਾਨਾ ਬਜਟ ਐਸਟੀਮੇਟ ਵਿਚ ਕੰਪਿਊਟਰਾਂ ਦਾ ਸਮਾਨ ਖਰੀਦਣ ਲਈ ਰੱਖੇ ਬਜਟ ਨੂੰ 25 ਲੱਖ ਰੁਪਏ ਤੋਂ ਵਧਾਕੇ 45 ਲੱਖ ਰੁਪਏ ਕਰਨ ਦੀ ਤਜਵੀਜ ਨੂੰ ਪ੍ਰਵਾਨ ਕੀਤਾ ਗਿਆ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:5** — **ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰੀਵਾਰਕ ਮੈਂਬਰਾਂ ਲਈ 'ਜਨਰਲ ਸਰਜਰੀ' ਵਾਸਤੇ ਵਿੱਤੀ ਸਹਾਇਤਾ ਸਕੀਮ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ **'ਪੰਜੀਕ੍ਰਿਤ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰੀਵਾਰਕ ਮੈਂਬਰਾਂ ਲਈ 'ਜਨਰਲ ਸਰਜਰੀ' ਦੇ ਖਰਚੇ ਲਈ ਉਸਨੂੰ ਵੱਧ ਤੋਂ ਵੱਧ 20,000/- ਰੁਪਏ ਜਾਂ ਜੋ ਅਸਲ ਖਰਚ ਹੋਵੇ, ਦੋਨੋ ਵਿਚੋਂ ਜੋ ਵੀ ਘੱਟ ਹੋਵੇ, ਵਿੱਤੀ ਸਹਾਇਤਾ ਵਜੋਂ ਦੇਣ ਲਈ ਸਕੀਮ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਪ੍ਰਵਾਨ ਕੀਤੀ ਗਈ:-**

1) ਉਸਾਰੀ ਕਿਰਤੀ ਬੋਰਡ ਵਿਚ ਬਤੌਰ 'ਲਾਭਪਾਤਰੀ' ਰਜਿਸਟਰ ਹੋਇਆ ਹੋਵੇ ਅਤੇ ਆਪਣੀ ਅੰਸ਼ਦਾਨ ਦੀ ਰਕਮ ਲਗਾਤਾਰ ਜਮ੍ਹਾ ਕਰਵਾ ਰਿਹਾ ਹੋਵੇ।

2) ਜੇਕਰ ਲਾਭਪਾਤਰੀ ਨੇ ਇਸ ਸਕੀਮ ਅਧੀਨ ਲਾਭ ਆਪਣੇ ਪਰੀਵਾਰ ਦੇ ਕਿਸੇ ਮੈਂਬਰ ਲਈ ਲੈਣਾ ਹੋਵੇ ਤਾਂ ਅਜਿਹਾ ਮੈਂਬਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਰੂਲਜ਼, 2008 ਦੇ ਰੂਲ 2(t) ਵਿਚ ਦਰਜ 'ਫੈਮਲੀ' ਦੀ ਪਰੀਭਾਸ਼ਾ ਵਿਚ ਕਵਰ ਹੋਣਾ ਚਾਹੀਦਾ ਹੈ, ਜੋਕਿ ਹੇਠ ਪ੍ਰਕਾਰ ਹੈ:

   > 2(t) "family" means the husband or wife, minor sons (including major sons who are insane or physically handicapped and unable to earn), unmarried daughters and the parents of the building worker, who are solely dependent on him;"

3) ਜਿਹੜਾ ਲਾਭਪਾਤਰੀ ਈ.ਐਸ.ਆਈ ਦੀ ਸਕੀਮ ਵਿਚ ਕਵਰ ਹੁੰਦਾ ਹੈ, ਉਸ ਨੂੰ ਇਸ ਸਕੀਮ ਅਧੀਨ ਲਾਭ ਨਹੀਂ ਦਿੱਤਾ ਜਾਵੇਗਾ।

4) ਇਸ ਸਕੀਮ ਅਧੀਨ ਲਾਭਪਾਤਰੀ ਖੁਦ ਜਾਂ ਆਪਣੇ ਪਰੀਵਾਰ ਦੇ ਕਿਸੇ ਮੈਂਬਰ ਦੀ ਕਿਸੇ ਪ੍ਰਕਾਰ ਦੀ ਜਨਰਲ ਸਰਜਰੀ ਦੇ ਖਰਚੇ ਲਈ ਵਿੱਤੀ ਸਹਾਇਤਾ ਲੈਣ ਦਾ ਹੱਕਦਾਰ ਹੋਵੇਗਾ। ਅਜਿਹੀ ਵਿਤੀ ਸਹਾਇਤਾ ਲਾਭਪਾਤਰੀ ਜਾਂ ਉਸ ਦਾ ਪ੍ਰੀਵਾਰਕ ਮੈਂਬਰ ਵਿਤੀ ਸਾਲ ਦੌਰਾਨ ਸਿਰਫ ਇਕ ਵਾਰ ਪ੍ਰਾਪਤ ਕਰ ਸਕੇਗਾ।

5) ਇਸ ਸਕੀਮ ਅਧੀਨ ਅਰਜੀ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਜਾਂ ਕਿਰਤ ਇੰਸਪੈਕਟਰ ਗ੍ਰੇਡ-1/2 ਦੇ ਦਫਤਰ ਵਿਚ ਦਿਤੀ ਜਾਵੇਗੀ।

6) ਹੋਰ ਭਲਾਈ ਸਕੀਮਾਂ ਵਾਂਗ ਇਸ ਸਕੀਮ ਅਧੀਨ ਵੀ ਅਰਜੀ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ, ਸਬੰਧਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਪੈਸਿਆਂ ਦੀ ਮੰਗ ਬੋਰਡ ਤੋਂ ਕਰਕੇ ਸਬੰਧਤ ਅਧਿਕਾਰੀ ਲਾਭਪਾਤਰੀ ਨੂੰ ਅਦਾ ਕਰੇਗਾ।

7) ਲਾਭਪਾਤਰੀ ਜਾਂ ਉਸ ਦਾ ਪ੍ਰੀਵਾਰਕ ਮੈਂਬਰ ਜਨਰਲ ਸਰਜਰੀ ਕਿਸੇ ਵੀ ਸਰਕਾਰੀ ਜਾਂ ਪ੍ਰਾਈਵੇਟ ਡਾਕਟਰ ਪਾਸੋਂ ਕਰਵਾ ਸਕਦਾ ਹੈ ਲੇਕਿਨ ਪ੍ਰਾਈਵੇਟ ਡਾਕਟਰ ਪਾਸੋਂ ਕਰਾਏ ਗਏ ਇਲਾਜ ਦੇ ਖਰਚੇ ਸਬੰਧੀ ਸਬੰਧਤ ਸਿਵਲ ਸਰਜਨ ਵਲੋਂ ਜਿਤਨੀ ਰਕਮ ਸਹੀ ਕਰਾਰ ਦਿਤੀ ਜਾਵੇਗੀ (ਵੱਧ ਤੋਂ ਵੱਧ 20,000/-) ਉਤਨੀ ਹੀ ਮਿਲਣ ਯੋਗ ਹੋਵੇਗੀ।

ਮੀਟਿੰਗ ਵਿਚ ਮਾਨਯੋਗ ਚੇਅਰਮੈਨ ਜੀ ਪਾਸੋਂ ਇਜਾਜਤ ਲੈਣ ਉਪਰੰਤ ਸ਼੍ਰੀ ਕਰਤਾਰ ਸਿੰਘ ਰਾਠੌਰ- ਮੈਂਬਰ ਵਲੋਂ ਇਹ ਨੁਕਤਾ ਉਠਾਇਆ ਗਿਆ ਕਿ ਬੋਰਡ ਵਲੋਂ ਹੁਣ ਤੱਕ ਵੱਖ ਵੱਖ ਭਲਾਈ ਸਕੀਮਾਂ ਅਧੀਨ ਜਿਲ੍ਹਾ-ਵਾਰ/ ਸਕੀਮ ਵਾਈਜ ਕਿੰਨਾ ਕਿੰਨਾ ਲਾਭ, ਕਿੰਨੇ ਲਾਭਪਾਤਰੀਆਂ ਨੂੰ ਦਿਤਾ ਗਿਆ ਹੈ, ਇਸ ਦੇ ਵੇਰਵੇ ਬੋਰਡ ਦੀ ਜਾਣਕਾਰੀ ਲਈ ਪੇਸ਼ ਕੀਤੇ ਜਾਣੇ ਚਾਹੀਦੇ ਹਨ। ਮਾਨਯੋਗ ਚੇਅਰਮੈਨ ਜੀ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਬੋਰਡ ਦੀ ਅਗਲੀ ਮੀਟਿੰਗ ਵਿਚ ਲੋੜੀਂਦੀ ਸੂਚਨਾ ਪੇਸ਼ ਕਰਨ ਦਾ ਹੁਕਮ ਦਿਤਾ ਗਿਆ।

ਮੀਟਿੰਗ ਵਿਚ ਇਹ ਵੀ ਫੈਸਲਾ ਲਿਆ ਗਿਆ ਕਿ ਬੋਰਡ ਦੀ ਮੀਟਿੰਗ ਹਰ ਤਿੰਨ ਮਹੀਨਿਆਂ ਵਿਚ ਦੋ ਵਾਰ ਕੀਤੀ ਜਾਇਆ ਕਰੇਗੀ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।